# ਦਿ ਡਰਾਈਵ



ਜੂਨ 2026 ਅੰਕ 33

## ਇਸ ਐਡੀਸ਼ਨ ਵਿੱਚ

ਹਾਲ ਹੀ ਵਿੱਚ ਮੀਡੀਆ ਵਿੱਚ ਕੈਨੇਡਾ ਭਰ ਦੇ ਡਰਾਈਵਰਾਂ ਦੀਆਂ ਸਮੱਸਿਆਵਾਂ ਬਾਰੇ ਬਹੁਤ ਚਰਚਾ ਹੋਈ ਹੈ, ਜਿਸ ਵਿੱਚ ਡਰਾਈਵਰਾਂ ਦਾ ਗਲਤ ਵਰਗੀਕਰਨ ਅਤੇ ਤਨਖਾਹਾਂ ਦੀ ਘੱਟ ਅਦਾਇਗੀ ਅਤੇ ਅਜਿਹੇ ਅਭਿਆਸਾਂ ਨੂੰ ਰੋਕਣ ਲਈ ਰੈਗੂਲੇਟਰੀ ਪ੍ਰਤੀਕਿਰਿਆਵਾਂ ਸ਼ਾਮਲ ਹਨ। ਓ ਬੀ ਸੀ ਸੀ ਟੀ ਸੀ ਦਾ ਗਠਨ - ਕੁਝ ਹੱਦ ਤੱਕ - ਉਹਨਾਂ ਵਿੱਚੋਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀਤਾ ਗਿਆ ਸੀ ਜੋ ਲੋਅਰ ਮੇਨਲੈਂਡ ਵਿੱਚ ਕੰਟੇਨਰ ਟਰੱਕਿੰਗ ਉਦਯੋਗ ਵਿੱਚ ਬਣੀਆਂ ਹੋਈਆਂ ਸਨ। ਹਾਲਾਂਕਿ ਨਿਯਮਾਂ ਦੀ ਉਲੰਘਣਾ ਅਜੇ ਵੀ ਹੁੰਦੀ ਹੈ, ਓ ਬੀ ਸੀ ਸੀ ਟੀ ਸੀ ਇਹ ਯਕੀਨੀ ਬਣਾਉਣ ਲਈ *ਕੰਟੇਨਰ ਟਰੱਕਿੰਗ ਐਕਟ*, *ਕੰਟੇਨਰ ਟਰੱਕਿੰਗ ਰੈਗੂਲੇਸ਼ਨ* ਅਤੇ ਸੀ ਟੀ ਐੱਸ ਲਾਈਸੈਂਸ ਦੇ ਉਪਬੰਧਾਂ ਨੂੰ ਲਾਗੂ ਕਰਨਾ ਜਾਰੀ ਰੱਖਦਾ ਹੈ ਤਾਂ ਜੋ ਡਰਾਈਵਰਾਂ ਨੂੰ ਘੱਟੋ-ਘੱਟ ਨਿਯੰਤਰਿਤ ਰੇਟਾਂ ਦਾ ਭੁਗਤਾਨ ਕੀਤਾ ਜਾ ਸਕੇ।

ਸਿਰਫ਼ 2026 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਹੀ, ਓ ਬੀ ਸੀ ਸੀ ਟੀ ਸੀ ਨੇ ਖਾਸ ਤੌਰ 'ਤੇ ਹੇਠ ਲਿਖੇ ਕਦਮ ਚੁੱਕ ਕੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਹੈ:

- ਸਕਿਉਰਿਟੀ ਬਾਂਡਾਂ ਰਾਹੀ 394,007.44 ਡਾਲਰ ਪ੍ਰਾਪਤ ਕਰਕੇ
- ਕੁੱਲ 123,800.00 ਡਾਲਰ ਦੇ ਜੁਰਮਾਨੇ ਕਰਕੇ
- ਡਰਾਈਵਰਾਂ ਨੂੰ 413,115.47 ਡਾਲਰ ਬਕਾਇਆ ਤਨਖਾਹਾਂ ਵਾਪਸ ਦੁਆ ਕੇ

ਇਸ ਤੋਂ ਇਲਾਵਾ, ਅਸੀ ਇਲੈਕਟ੍ਰਾਨਿਕ ਰਿਕਾਰਡ ਰੱਖਣ ਦੀ ਡਿਜਿਟਲ ਟ੍ਰੇਲ ਨੂੰ ਬਿਹਤਰ ਬਣਾਉਣ ਲਈ 2026 ਸੀ ਟੀ ਐੱਸ ਲਾਈਸੈਂਸ ਵਿੱਚ ਬਦਲਾਅ ਕੀਤੇ ਹਨ ਅਤੇ 2026 ਸੀ ਟੀ ਐੱਸ ਲਾਈਸੈਂਸ ਚੋਣ ਪ੍ਰਕਿਰਿਆ (ਜੋ ਇਸ ਵੇਲੇ ਚੱਲ ਰਹੀ ਹੈ) ਵਿੱਚ ਪਾਲਣਾ ਨੂੰ ਇੱਕ ਮੁੱਖ ਮਾਪਦੰਡ ਬਣਾਇਆ ਹੈ।

ਅਜੇ ਹੋਰ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ, ਪਰ ਸਾਡਾ ਦਫ਼ਤਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲਾਈਸੈਂਸੀਸ ਰੈਗੂਲੇਟਰੀ ਪ੍ਰਣਾਲੀ ਦੀ ਪਾਲਣਾ ਕਰਨ ਅਤੇ ਡਰਾਈਵਰਾਂ ਨੂੰ ਨਿਯੰਤਰਿਤ ਰੇਟਾਂ ਦੇ ਅਨੁਸਾਰ ਭੁਗਤਾਨ ਕੀਤਾ ਜਾਵੇ।

ਸੱਚੇ ਦਿਲੋਂ,
ਗਲੈਂਨ ਮੈਕਇੰਨਸ
ਕੰਟੇਨਰ ਟਰੱਕਿੰਗ ਕਮਿਸ਼ਨਰ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਅਜ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
obcctc.ca/confidence-line

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communica-tions

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## 2026 ਸੀ ਟੀ ਐੱਸ ਲਾਈਸੈਂਸ

2026 ਕੰਟੇਨਰ ਟਰੱਕਿੰਗ ਸਰਵਿਸਿਜ਼ (ਸੀ ਟੀ ਐੱਸ) ਲਾਈਸੈਂਸ ਲਈ ਅਰਜ਼ੀਆਂ ਭੇਜਣ ਦੀ ਮਿਆਦ ਅਧਿਕਾਰਤ ਤੌਰ 'ਤੇ 29 ਮਈ, 2026 ਨੂੰ ਦੁਪਹਿਰ 12 ਵਜੇ ਬੰਦ ਹੋ ਗਈ। ਕਾਰੋਬਾਰੀ ਭਵਿੱਖਬਾਣੀ ਅਤੇ ਉਦਯੋਗ ਦੀ ਸਥਿਰਤਾ ਨੂੰ ਹੋਰ ਬਿਹਤਰ ਬਣਾਉਣ ਲਈ, ਇਸ ਆਉਣ ਵਾਲੇ ਲਾਈਸੈਂਸ ਵਿੱਚ ਤਿੰਨ ਸਾਲਾਂ ਦੀ ਮਿਆਦ ਸ਼ੁਰੂ ਕੀਤੀ ਜਾ ਰਹੀ ਹੈ, ਜੋ ਕਿ 2014 ਵਿੱਚ *ਕੰਟੇਨਰ ਟਰੱਕਿੰਗ ਐਕਟ* ਦੇ ਲਾਗੂ ਹੋਣ ਤੋਂ ਬਾਅਦ ਜਾਰੀ ਕੀਤੀ ਗਈ ਸਭ ਤੋਂ ਲੰਬੀ ਮਿਆਦ ਹੋਏਗੀ। ਓ ਬੀ ਸੀ ਸੀ ਟੀ ਸੀ ਨੂੰ ਲੋਅਰ ਮੇਨਲੈਂਡ ਦੇ ਅੰਦਰ ਡਰੇਏਜ ਸੈਕਟਰ ਵਿੱਚ ਪ੍ਰਵੇਸ਼ ਕਰਨ ਦੇ ਚਾਹਵਾਨ ਨਵੇਂ ਬਿਨੈਕਾਰਾਂ ਤੋਂ ਰਿਕਾਰਡ ਗਿਣਤੀ ਵਿੱਚ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਕਮਿਸ਼ਨਰ ਹੁਣ ਸਾਰੀਆਂ ਅਰਜ਼ੀਆਂ ਦੀ ਸਮੀਖਿਆ ਕਰ ਰਹੇ ਹਨ। 2026 ਲਾਈਸੈਂਸ ਦੇਣ ਦੇ ਫ਼ੈਸਲੇ ਜਮਹਾਂ ਕੀਤੀ ਗਈ ਹਰੇਕ ਅਰਜ਼ੀ ਦੇ ਡੂੰਘੇ ਮੁਲਾਂਕਣ ਤੋਂ ਬਾਅਦ ਜਾਰੀ ਕੀਤੇ ਜਾਣਗੇ।

## ਲਾਈਸੈਂਸ ਮੁਅੱਤਲੀ: ਰੈਗੂਲੇਟਰੀ ਪਾਲਣਾ ਦਾ ਲਾਗੂਕਰਨ

ਇਸ ਤਿਮਾਹੀ ਵਿੱਚ ਓ ਬੀ ਸੀ ਸੀ ਟੀ ਸੀ ਨੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਇੱਕ ਲਾਈਸੈਂਸੀ ਵਿਰੁੱਧ ਲਾਈਸੈਂਸ ਮੁਅੱਤਲੀ ਦਾ ਫ਼ੈਸਲੇ ਸੁਣਾ ਕੇ ਸਖ਼ਤ ਲਾਗੂਕਰਨ ਕਾਰਵਾਈ ਕੀਤੀ। ਇਹ ਜੁਰਮਾਨਾ ਇੱਕ ਆਡਿਟ ਤੋਂ ਬਾਅਦ ਲਗਾਇਆ ਗਿਆ ਹੈ ਜਿਸ ਵਿੱਚ ਰੈਗੂਲੇਟਰੀ ਢਾਂਚੇ ਦੀਆਂ ਉਲੰਘਣਾਵਾਂ ਸਾਹਮਣੇ ਆਈਆਂ, ਜਿਹਨਾਂ ਵਿੱਚ ਤਨਖਾਹ ਦਾ ਘੱਟ ਭੁਗਤਾਨ ਅਤੇ ਸਹੀ ਪੇਰੋਲ ਰਿਕਾਰਡ ਰੱਖਣ ਵਿੱਚ ਅਸਫ਼ਲਤਾ ਸ਼ਾਮਲ ਹੈ। ਲਾਈਸੈਂਸੀ ਨੇ ਲੋੜੀਂਦੇ ਆਡਿਟ ਦਸਤਾਵੇਜ਼ਾਂ ਨੂੰ ਲੁਕਾਉਣ ਦੀ ਕੋਸ਼ਿਸ਼ ਵੀ ਕੀਤੀ ਅਤੇ ਦਿੱਤੀਆਂ ਗਈਆਂ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ। ਕਮਿਸ਼ਨਰ ਨੇ ਡਰਾਈਵਰਾਂ ਦੀ ਸੁਰੱਖਿਆ ਅਤੇ ਸੈਕਟਰ ਵਿੱਚ ਜ਼ਿਆਦਾਤਰ ਪਾਲਣਾ ਕਰਨ ਵਾਲੇ ਲਾਈਸੈਂਸੀਸ ਲਈ ਇੱਕ ਸਮਾਨ ਖੇਤਰ ਨੂੰ ਬਣਾਈ ਰੱਖਣ ਲਈ ਇਹ ਲਾਗੂਕਰਨ ਦੀ ਕਾਰਵਾਈ ਕੀਤੀ। ਇਸ ਫ਼ੈਸਲੇ ਬਾਰੇ ਹੋਰ ਵੇਰਵੇ ਅਗਲੇ ਪੰਨੇ 'ਤੇ ਤਾਜ਼ਾ ਫ਼ੈਸਲੇ ਭਾਗ ਵਿੱਚ ਪੜ੍ਹੋ।

## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ

**ਆਡਿਟ ਜਾਰੀ ਹਨ**


**7.6 ਮਿਲੀਅਨ ਡਾਲਰ ਬਕਾਇਆ ਤਨਖਾਹਾਂ ਡਰਾਈਵਰਾਂ ਨੂੰ ਦੁਆਈਆਂ ਗਈਆਂ**


**ਜੁਰਮਾਨੇ ਵਿੱਚ 2.0 ਮਿਲੀਅਨ ਡਾਲਰ ਦਾ ਮੁਲਾਂਕਣ ਕੀਤਾ ਗਿਆ**

**ਅੱਜ ਤੱਕ ਲਗਭਗ 2.2 ਮਿਲੀਅਨ ਡਾਲਰ ਸਕਿਉਰਿਟੀ ਬਾਂਡਾਂ ਰਾਹੀ ਪ੍ਰਾਪਤ ਕੀਤੇ ਗਏ**

**ਅੱਜ ਤੱਕ ਮੁਅੱਤਲ ਕੀਤੇ ਗਏ ਲਾਈਸੈਂਸ - 5**

**ਅੱਜ ਤੱਕ ਰੱਦ ਕੀਤੇ ਗਏ ਲਾਈਸੈਂਸ - 19**





# ਤਾਜ਼ਾ ਫ਼ੈਸਲੇ

## ਐਕੁਆਟਰਾਂਸ ਡਿਸਟ੍ਰੀਬਿਊਟਰਜ਼ ਇੰਕ. (ਸੀ ਟੀ ਸੀ ਫ਼ੈਸਲਾ ਨੰ. 7/2026) – 6,000.00 ਡਾਲਰ ਜੁਰਮਾਨਾ

ਐਕੁਆਟਰਾਂਸ ਡਿਸਟ੍ਰੀਬਿਊਟਰਜ਼ ਇੰਕ. ਦਸੰਬਰ 2022 ਅਤੇ ਅਪ੍ਰੈਲ 2025 ਦੇ ਵਿਚਕਾਰ ਕੀਤੇ ਗਏ ਕੰਮ ਦੇ ਘੰਟਿਆਂ ਨੂੰ ਇਲੈਕਟ੍ਰਾਨਿਕ ਤੌਰ 'ਤੇ ਟਰੈਕ ਕਰਨ ਅਤੇ ਇਲੈਕਟ੍ਰਾਨਿਕ ਤੌਰ 'ਤੇ ਤਿਆਰ ਕੀਤੇ ਗਏ ਪੇਰੋਲ ਰਿਕਾਰਡਾਂ ਨੂੰ ਰੱਖਣ ਵਿੱਚ ਅਸਫ਼ਲ ਰਿਹਾ, ਜੋ ਕਿ ਉਹਨਾਂ ਦੇ ਸੀ ਟੀ ਐੱਸ ਲਾਈਸੈਂਸ ਦੀ ਉਲੰਘਣਾ ਹੈ। ਨਤੀਜੇ ਵਜੋਂ ਉਹਨਾਂ ਨੂੰ 6,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

## ਟਰਾਈਐਂਗਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 6/2026) – 800.00 ਡਾਲਰ ਜੁਰਮਾਨਾ

ਟਰਾਈਐਂਗਲ ਟਰਾਂਸਪੋਰਟੇਸ਼ਨ ਲਿਮਿਟਿਡ ਨੂੰ *ਕੰਟੇਨਰ ਟਰੱਕਿੰਗ ਐਕਟ* ਦੀ ਉਲੰਘਣਾ ਵਿੱਚ ਪਾਇਆ ਗਿਆ ਜਦੋਂ ਉਹ ਇੱਕ ਡਰਾਈਵਰ ਨੂੰ ਜੂਨ 2023 ਵਿੱਚ ਕੀਤੇ ਗਏ ਕੰਮ ਲਈ ਪਹਿਲਾਂ ਦਿੱਤੇ ਗਏ ਆਰਡਰ ਅਨੁਸਾਰ 64.98 ਡਾਲਰ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਹੇ। ਨਤੀਜੇ ਵਜੋਂ ਉਹਨਾਂ ਨੂੰ 800.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

## ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 5/2026) [ਰੀਕਨਸਿਡਰੇਸ਼ਨ]

ਕਮਿਸ਼ਨਰ ਨੇ ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਿਟਿਡ ਦੀ ਇਸ ਪੁਨਰ ਵਿਚਾਰ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਅਤੇ ਸ਼ੁਰੂਆਤੀ ਫ਼ੈਸਲੇ ਨੂੰ ਬਰਕਰਾਰ ਰੱਖਿਆ। ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਿਟਿਡ 'ਤੇ ਲਗਾਏ ਗਏ 7,000.00 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਨੂੰ ਬਰਕਰਾਰ ਰੱਖਿਆ ਗਿਆ।

## ਸੂਪਰ ਸਟਾਰ ਟਰੱਕਿੰਗ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 4/2026) [ਸੱਪਲੀਮੈਂਟਲ] – 110,000.00 ਡਾਲਰ ਜੁਰਮਾਨਾ ਅਤੇ ਲਾਈਸੈਂਸ ਮੁਅੱਤਲ

ਸੂਪਰ ਸਟਾਰ ਟਰੱਕਿੰਗ ਲਿਮਿਟਿਡ ਆਪਣੇ ਡਰਾਈਵਰਾਂ ਨੂੰ ਬਕਾਇਆ 23,030.14 ਡਾਲਰ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਿਹਾ ਅਤੇ ਆਰਡਰ ਕੀਤੇ ਪੇਰੋਲ ਰਿਕਾਰਡ ਪ੍ਰਦਾਨ ਕਰਨ ਵਿੱਚ ਵੀ ਅਸਫ਼ਲ ਰਿਹਾ। ਨਤੀਜੇ ਵਜੋਂ, ਕਮਿਸ਼ਨਰ ਨੇ ਲਾਈਸੈਂਸੀ ਨੂੰ 110,000.00 ਡਾਲਰ ਦਾ ਪ੍ਰਬੰਧਕੀ ਜੁਰਮਾਨਾ ਅਦਾ ਕਰਨ ਦਾ ਆਦੇਸ਼ ਦਿੱਤਾ ਅਤੇ ਉਹਨਾਂ ਦਾ ਸੀ ਟੀ ਐੱਸ ਲਾਈਸੈਂਸ 30 ਨਵੰਬਰ, 2026 ਤੱਕ, ਜਾਂ ਜਦੋਂ ਤੱਕ ਉਹ ਆਦੇਸ਼ ਦੀ ਪਾਲਣਾ ਨਹੀ ਕਰਦੇ - ਜੋ ਵੀ ਪਹਿਲਾਂ ਹੋਵੇ, ਮੁਅੱਤਲ ਕਰ ਦਿੱਤਾ।

ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ

# ਕੀ ਤੁਸੀ ਜਾਣਦੇ ਹੋ?

## ਕੌਨਫ਼ਿਡੈਂਸਲਾਈਨ: ਤੁਹਾਡੇ ਲਈ ਤੇਜ਼ ਨਤੀਜੇ!

ਫ਼ਰਵਰੀ 2026 ਦੇ ਬੁਲੇਟਿਨ ਤੋਂ ਬਾਅਦ, ਜਿਸ ਵਿੱਚ ਅਸੀ ਇਹ ਕਿਹਾ ਸੀ ਕਿ ਸ਼ਿਕਾਇਤਾਂ ਹੁਣ ਸਿਰਫ਼ ਕੌਨਫ਼ਿਡੈਂਸਲਾਈਨ ਰਾਹੀ ਹੀ ਸਵੀਕਾਰ ਕੀਤੀਆਂ ਜਾਣਗੀਆਂ, ਅਸੀ ਸ਼ਿਕਾਇਤਕਰਤਾਵਾਂ ਨੂੰ ਬਿਹਤਰ ਤਰੀਕੇ ਨਾਲ ਜਵਾਬ ਦੇਣ ਅਤੇ ਜਾਂਚ ਪ੍ਕਿਰਿਆਵਾਂ ਨੂੰ ਵਧੇਰੀ ਤੇਜ਼ੀ ਨਾਲ ਸ਼ੁਰੂ ਕਰਨ ਵਿੱਚ ਸਫ਼ਲ ਰਹੇ। ਇਸ ਬਦਲਾਅ ਨੂੰ ਅਪਣਾਉਣ ਅਤੇ ਸਿਸਟਮ ਰਾਹੀ ਸਿੱਧੇ ਤੌਰ 'ਤੇ ਫ਼ੋਟੋਆਂ ਅਤੇ ਸਪੱਸ਼ਟ ਦਸਤਾਵੇਜ਼ ਅਪਲੋਡ ਕਰ ਕੇ ਸਾਡੀ ਜਾਂਚ ਵਿੱਚ ਸਰਗਰਮੀ ਨਾਲ ਸਹਿਯੋਗ ਦੇਣ ਲਈ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ। ਤੁਹਾਡਾ ਕਿਰਿਆਸ਼ੀਲ ਟੀਮਵਰਕ ਅਤੇ ਤੁਹਾਡੇ ਸਬੂਤ ਸਾਨੂੰ ਮੁੱਦਿਆਂ ਨੂੰ ਤੇਜ਼ੀ ਨਾਲ ਹੱਲ ਕਰਨ ਵਿੱਚ ਮਦਦ ਕਰ ਰਹੇ ਹਨ, ਜਿਸ ਨਾਲ ਹਰ ਕਿਸੇ ਲਈ ਇੱਕ ਨਿਰਪੱਖ ਅਤੇ ਪਾਰਦਰਸ਼ੀ ਡਰੇਏਜ ਖੇਤਰ ਯਕੀਨੀ ਬਣ ਰਿਹਾ ਹੈ।

ਕੌਨਫ਼ਿਡੈਂਸਲਾਈਨ ਦੀ ਵਰਤੋਂ ਇੱਥੇ ਕਰੋ

## 2026 ਸੀ ਟੀ ਐੱਸ ਲਾਈਸੈਂਸ ਦੇ ਤਹਿਤ ਨਵੀ ਲਾਜ਼ਮੀ ਸਪਾਂਸਰਡ ਆਈ/ਓ ਜਾਣਕਾਰੀ

1 ਦਸੰਬਰ 2026 ਤੋਂ ਲਾਗੂ ਹੋਣ ਵਾਲੇ ਆਗਾਮੀ 2026 ਸੀ ਟੀ ਐੱਸ ਲਾਈਸੈਂਸ ਦੇ ਅਨੁਸਾਰ, ਉਹ ਸਪਾਂਸਰਡ ਆਈ/ਓ ਜੋ ਕਿਸੇ ਇੰਡਿਰੈਕਟਲੀ ਇਮਪਲੋਏਡ ਓਪਰੇਟਰ (ਆਈ ਈ ਓ) ਨੂੰ ਕੰਮ 'ਤੇ ਰੱਖਦੇ ਹਨ, ਉਹਨਾਂ ਨੂੰ ਇੱਕ ਵੈਧ 15-ਅੱਖਰਾਂ ਦਾ ਸੀ ਆਰ ਏ ਪੇਰੋਲ ਡਿਡਕਸ਼ਨ ਨੰਬਰ ਅਤੇ ਵਰਕਸੇਫ਼ ਬੀ ਸੀ ਐਮਪਲੋਈਅਰ ਅਕਾਊਂਟ ਨੰਬਰ ਦੇਣਾ ਲਾਜ਼ਮੀ ਹੈ। ਕਿਰਪਾ ਕਰਕੇ ਨੋਟ ਕਰੋ ਕਿ ਇਹਨਾਂ ਦੋਹਾਂ ਅਕਾਊਂਟਸ ਦੇ ਧਾਰਕ ਆਈ/ਓ ਖੁਦ ਹੋਣੇ ਚਾਹੀਦੇ ਹਨ (ਨਾ ਕਿ ਲਾਈਸੈਂਸੀਸ) ਅਤੇ ਉਹ ਕੇਵਲ ਉਦੋਂ ਹੀ ਆਈ ਈ ਓ ਦੀ ਵਰਤੋਂ ਕਰ ਸਕਦੇ ਹਨ ਜੇਕਰ ਇਹ ਜਾਣਕਾਰੀ ਸਪਾਂਸਰਸ਼ਿਪ ਐਗਰੀਮੈਂਟ 'ਤੇ ਦਿੱਤੀ ਗਈ ਹੋਵੇ।

## ਓ ਬੀ ਸੀ ਸੀ ਟੀ ਸੀ ਅਤੇ ਸੀ ਵੀ ਐੱਸ ਈ ਦੀ ਨਵੀਨਤਮ ਸੰਯੁਕਤ ਆਫ਼ ਡੌਕ ਇੰਫ਼ੋਰਸਮੈਂਟ ਪਹਿਲਕਦਮੀ ਦੀ ਇੱਕ ਝਲਕ ਵੇਖੋ



OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca